# 2 ਦਿਨਾਂ ਟੂਰਨਾਮੈਂਟ 'ਚ 32 ਤੋਂ ਜਿਆਦਾ ਸਕੂਲਾਂ ਦੀਆਂ ਟੀਮਾਂ ਭਾਗ ਲੈਣਗੀਆਂ

## ਇੰਟਰ ਮਿਲਨ ਸਾਕਰ ਸਟਾਰਜ਼ 2012 ਦਾ ਜੋਨਲ ਟੂਰਨਾਮੈਂਟ ਚੰਡੀਗੜ੍ਹ 'ਚ

ਅਮਰਜੀਤ ਰਤਨ

**ਚੰਡੀਗੜ੍ਹ, 14 ਜਨਵਰੀ :** ਵਿਸ਼ਵ ਦੀ ਦੂਜੀ ਸਭ ਤੋਂ ਵੱਡੀ ਚਾਹ ਕੰਪਨੀ ਟਾਟਾ ਗਲੋਬਲ ਬੇਵਰੇਜੇਸ ਲਿਮਟਿਡ 16 ਅਤੇ 17 ਜਨਵਰੀ 2012 ਨੂੰ ਚੰਡੀਗੜ੍ਹ 'ਚ ਆਪਣੇ ਟਾਟਾ ਟੀ ਜਾਗੋ ਰੇ ਇੰਟਰ ਮਿਲਨ ਸਾਕਰ ਸਟਾਰਜ਼ 2012 ਦੇ 5ਵੇਂ ਭਾਗ ਤੋਂ ਪਰਦਾ ਉਠਾਏਗਾ। ਇਸ ਫੁੱਟਬਾਲ ਟੂਰਨਾਮੈਂਟ ਦਾ ਆਯੋਜਨ ਸੈਕਟਰ-17, ਚੰਡੀਗੜ੍ਹ ਦੇ ਫੁੱਟਬਾਲ ਸਟੇਡੀਅਮ 'ਚ ਕੀਤਾ ਜਾਵੇਗਾ। ਭਾਰਤ 'ਚ ਅੰਡਰ-15 ਫੁੱਟਬਾਲ ਟੇਲੈਂਟ ਖੋਜ ਦੀ ਦੇਣ ਟਾਟਾ ਟੀ ਨੂੰ ਜਾਂਦੀ ਹੈ। ਕੰਪਨੀ ਨਾਮੀ ਫੁਟਬਾਲ ਕਲੱਬ ਐਫਸੀ ਇੰਟਰਨੇਜਿਓਨੇਲ ਮਿਲਾਨੋ (ਇੰਟਰ ਮਿਲਾਨ) ਦੇ ਨਾਲ ਮਿਲ ਕੇ ਇਸ ਦਾ ਆਯੋਜਨ ਕਰ ਰਹੀ ਹੈ।

ਚੰਡੀਗੜ੍ਹ 'ਚ ਆਯੋਜਤ ਹੋਣ ਵਾਲੇ ਇਸ 2 ਦਿਨਾਂ ਟੂਰਨਾਮੈਂਟ 'ਚ 32 ਸਕੂਲਾਂ ਦੇ 350 ਤੋਂ ਜ਼ਿਆਦਾ ਬੱਚੇ ਭਾਗ ਲੈਣਗੇ। ਇਸ 'ਚ ਜਿੱਤਣ ਵਾਲੀ ਟੀਮ ਸ਼ਿਲਾਂਗ 'ਚ ਹੋਣ ਵਾਲੀ ਰਾਸ਼ਟਰੀ ਚੈਂਪੀਅਨਸ਼ਿਪ ਦੇ ਲਈ ਦੇਸ਼ ਦੇ ਵੱਖ-ਵੱਖ ਖੇਤਰਾਂ ਤੋਂ ਚੁਣੀਆਂ ਗਈਆਂ 14 ਹੋਰ ਟੀਮਾਂ ਦੇ ਨਾਲ ਭਿੜੇਗੀ। ਟੂਰਨਾਮੈਂਟ ਦੇ ਚੈਡ ਸਕਾਊਟ ਸ੍ਰੀ ਜਮਸ਼ਿਦ ਨਾਸਿਰੀ ਇਸ ਪੂਰੇ ਟੂਰਨਾਮੈਂਟ 'ਤੇ ਖਾਸ ਨਜ਼ਰ ਰੱਖ ਰਿਹਾ ਹੈ ਤਾਂ ਕਿ ਇਸ ਖੇਡ 'ਚ 10 ਤੋਂ 15 ਸਾਲ ਦੀ ਉਮਰ ਦੇ ਪ੍ਰਤਿਭਾਵਾਨ ਬੱਚਿਆਂ ਦੀ ਖੋਜ ਹੋ ਸਕੇ। ਲਗਭਗ 15 ਖੇਤਰਾਂ ਦੇ 30 ਅਸਾਧਾਰਨ ਪ੍ਰਤਿਭਾ ਵਾਲੇ ਬੱਚਿਆਂ ਨੂੰ ਇੰਟਰ ਮਿਲਨ ਅਤੇ ਭਾਰਤੀ ਕੋਚਾਂ ਵੱਲੋਂ ਕੋਚਿੰਗ ਦਿੱਤੀ ਜਾਵੇਗੀ। ਇਸ 'ਚ 16 ਬੱਚਿਆਂ ਨੂੰ ਮਿਲਾਨ ਦੇ ਲਈ ਚੁਣਿਆ ਜਾਵੇਗਾ ਜਿੱਥੇ ਉਹ ਇੰਟਰਨਲ ਯੂਥ ਫ੍ਰੈਂਡਲੀ ਟੂਰਨਾਮੈਂਟ 'ਚ ਭਾਰਤ ਦੀ ਅਗਵਾਈ ਕਰਨਗੇ।

ਟਾਟਾ ਗਲੋਬਲ ਬੇਵਰੇਜੇਸ ਦੇ ਰਿਜ਼ਨਲ ਪ੍ਰੈਸੀਡੈਂਟ (ਸਾਊਥ ਏਸ਼ੀਆ) ਸੰਜੀਵ ਸਰੀਨ ਨੇ ਕਿਹਾ ਕਿ ਟਾਟਾ ਟੀ ਸਾਕਰ ਸਟਾਰਜ਼ ਪ੍ਰੋਗਰਾਮ ਦੇ ਸ਼ੁਰੂਆਤ ਤੋਂ ਬਾਅਦ ਕਈ ਮੋੜ ਆਏ ਹਨ। ਇਸ ਨੂੰ ਪਾਰ ਕਰਦੇ ਹੋਏ ਇਹ ਈਵੈਂਟ ਜ਼ਮੀਨੀ ਪੱਧਰ 'ਤੇ ਦੇਸ਼ ਦਾ ਸਭ ਤੋਂ ਵਪਾਰਕ ਫੁੱਟਬਾਲ ਡਿਵੈਲਪਮੈਂਟ ਪ੍ਰੋਗਰਾਮ ਬਣ ਚੁੱਕਿਆ ਹੈ। ਇਸ ਸਾਲ ਦਾ ਟਾਟਾ ਟੀ ਸਾਕਰ ਸਟਾਰਜ਼ ਪ੍ਰੋਗਰਾਮ ਵਿਸ਼ਵ ਦੇ ਸਫਲ ਫੁੱਟਬਾਲ ਕਲੱਬ ਐਫਸੀ ਇੰਟਰਜਿਓਨੇਲ ਮਿਲਾਨੋ (ਇੰਟਰ ਮਿਲਾਨ) ਦੇ ਨਾਲ ਇਤਿਹਾਸਕ ਕਰਾਰ ਦੇ ਜ਼ਰੀਏ ਨਵੇਂ ਤਰੀਕੇ ਅਤੇ ਤਜ਼ਰਬੇ ਜੋੜ ਰਿਹਾ ਹੈ।